ਫੋਮ ਬਾਰੇ ਉਪਨਿਯਮ - 1 ਜਨਵਰੀ 2020
ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

ਮੈਨੂੰ ਫੋਮ ਬਾਰੇ ਉਪਨਿਯਮ ਕਿੱਥੇ ਮਿਲ ਸਕਦੇ ਹਨ?

ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧਾਂ ਦੀ ਇੱਕ ਲੜੀ ਹਨ। ਉਪਨਿਯਮਾਂ ਵਿੱਚ ਇਹ ਸੋਧਾਂvancouver.ca/foam 'ਤੇ ਉਪਲਬਧ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਉਪਨਿਯਮ 12416 (ਪੋਲੀਸਟੀਰੀਨ ਫੋਮ ਦੇ ਸੰਬੰਧ ਵਿੱਚ ਉਪਨਿਯਮ ਨੰਬਰ 4450 ਵਿੱਚ ਸੋਧ ਕਰਦਾ ਹੈ)
- ਉਪਨਿਯਮ 12604 (ਚੈਰੀਟੇਬਲ ਭੋਜਨ ਸੇਵਾਵਾਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧ ਕਰਦਾ ਹੈ

ਏਕੀਕ੍ਰਿਤ ਲਾਇਸੈਂਸ ਉਪਨਿਯਮ ਨੰਬਰ 4450 **vancouver.ca/your-government/licence-bylaw** 'ਤੇ ਉਪਲਬਧ ਹੈ

ਸਿਟੀ ਨੇ ਪੋਲੀਸਟੀਰੀਨ ਫੋਮ ਦੇ ਕੱਪ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ 'ਤੇ ਪਾਬੰਦੀ ਕਿਉਂ ਲਗਾਈ ਹੈ?

ਜਦੋਂ ਅਸੀਂ 2040 ਤੱਕ ਜੀਰੋ ਵੇਸਟ ਕਮਿਉਨਿਟੀ ਬਣਨ ਦੇ ਆਪਣੇ ਲੰਬੇ ਸਮੇਂ ਦੇ ਟੀਚੇ ਵੱਲ ਕੰਮ ਕਰ ਰਹੇ ਹਾਂ, ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ 'ਤੇ ਪਾਬੰਦੀ ਉਹਨਾਂ ਕਾਰਵਾਈਆਂ ਦਾ ਹਿੱਸਾ ਹੈ ਜੋ ਸਿਟੀ ਦੁਆਰਾ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਕਚਰੇ ਨੂੰ ਘਟਾਉਣ ਲਈ ਕੀਤੀਆਂ ਜਾ ਰਹੀਆਂ ਹਨ।

ਜ਼ਿਆਦਾਤਰ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਨੂੰ ਲੈਂਡਫਿਲ ਜਾਂ ਇਨਸਿਨੇਰੇਟਰ ਵਿੱਚ ਭੇਜਿਆ ਜਾਂਦਾ ਹੈ। ਵੈਨਕੂਵਰ ਦੇ ਸਿਰਫ ਛੇ ਪ੍ਰਤਿਸ਼ਤ ਵਸਨੀਕਾਂ ਨੇ ਦੱਸਿਆ ਕਿ ਉਹ ਫੋਮ ਨੂੰ ਕਿਸੇ ਰੀਸਾਈਕਲਿੰਗ ਡਿਪੂ ਵਿੱਚ ਲਿਆਉਂਦੇ ਹਨ। ਵੈਨਕੂਵਰ ਦੇ 78 ਪ੍ਰਤੀਸ਼ਤ ਵਸਨੀਕਾਂ ਨੇ ਪਾਬੰਦੀ ਦਾ ਸਮਰਥਨ ਕੀਤਾ ਹੈ ਅਤੇ 84% ਸੋਚਦੇ ਹਨ ਕਿ ਕਵਿਕ ਸਰਵਿਸ (ਜਲਦ ਸੇਵਾ) ਰੈਸਟੋਰੈਂਟਾਂ ਜਾਂ ਕੈਫਿਆਂ ਨੂੰ ਭੋਜਨ ਖਾਣ ਲਈ ਮੁੜ-ਵਰਤੋਂ ਯੋਗ ਡਿਸ਼ਵੇਅਰ ਮੁਹੱਈਆ ਕਰਾਉਣੇ ਚਾਹੀਦੇ ਹਨ। ਗ੍ਰੇਟ ਕੈਨੇਡੀਅਨ ਸ਼ੋਅਰਲਾਈਨ ਕਲੀਨਅੱਪ (Great Canadian Shoreline Cleanup) ਦੇ, ਅਨੁਸਾਰ 2019 ਵਿੱਚ ਫੋਮ ਕਨੇਡਾ ਦੇ ਸਮੁੰਦਰੀ ਕੰਢਿਆਂ 'ਤੇ ਪਾਇਆ ਗਿਆ 11ਵਾਂ ਸਭ ਤੋਂ ਆਮ ਕਿਸਮ ਦਾ ਕੂੜਾ ਸੀ।

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਪਬਲਿਕ ਹੈਲਥ ਦੀਆਂ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ ਅਤੇ ਸ੍ਰੋਤ ਇਹਨਾਂ ਵੈਬਸਾਈਟਾਂ, ਕਿਰਪਾ ਕਰਕੇ ਦੇਖੋ:

- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer' ਦਾ ਵੈੱਬ ਪੇਜ ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੰਨਾ।
- ਵਰਕ ਸੇਫ ਬੀਸੀ।

ਪ੍ਰਕਾਸ਼ਿਤ: ਜੁਲਾਈ 2021

ਫੋਮ ਬਾਰੇ ਉਪਨਿਯਮ - 1 ਜਨਵਰੀ 2020
ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

ਫੋਨ 'ਤੇ ਪਾਬੰਦੀ ਵਿੱਚ ਕੀ ਸ਼ਾਮਲ ਹੈ?

ਇਹ ਪਾਬੰਦੀ ਇਹਨਾਂ ਚੀਜ਼ਾਂ 'ਤੇ ਲਾਗੂ ਹੁੰਦੀ ਹੈ:

- ਸਾਰੇ ਚਿੱਟੇ ਅਤੇ ਰੰਗਦਾਰ ਪੋਲੀਸਟੀਰੀਨ ਫੋਮ ਦੇ ਕੱਪ ਅਤੇ ਫੋਮ ਦੇ ਟੇਕ-ਆਊਟ ਕੰਟੇਨਰ ਜੋ ਭੋਜਨ ਵਿਕ੍ਰੇਤਾ ਤਿਆਰ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਨੂੰ ਪਰੋਸਣ ਲਈ ਵਰਤਦੇ ਹਨ, ਜਿਨ੍ਹਾਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ: ਪਲੇਟ, ਕੱਪ, ਕਟੋਰੇ, ਟ੍ਰੇਆਂ, ਕਾਰਟਨ ਅਤੇ ਕਬਜ਼ੇ ਵਾਲੇ ("ਕਲੈਮਸ਼ੈਲ") ਜਾਂ ਢੱਕਣ ਵਾਲੇ ਕੰਟੇਨਰ;
- ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਵਿੱਚ ਸਾਰਾ ਤਿਆਰ ਭੋਜਨ, ਚਾਹੇ ਉਸੇ ਜਗ੍ਹਾ 'ਤੇ ਖਾਧਾ ਜਾਵੇ, ਟੇਕ-ਆਊਟ ਜਾਂ ਡਿਲੀਵਰੀ ਵਜੋਂ ਦਿੱਤਾ ਜਾਵੇ, ਜਾਂ ਬਚੇ ਹੋਏ ਵਜੋਂ ਪੈਕ ਕੀਤਾ ਜਾਵੇ;
- ਤਿਆਰ ਭੋਜਨ ਦਾ ਮਤਲਬ ਖਾਣਾ ਪਕਾਉਣ ਜਾਂ ਖਾਣਾ ਤਿਆਰ ਕਰਨ ਦੀ ਤਕਨੀਕ ਦੀ ਵਰਤੋਂ ਕਰਦੇ ਹੋਏ ਭੋਜਨ ਵਿਕ੍ਰੇਤਾਵਾਂ ਦੁਆਰਾ ਤਿਆਰ ਕੀਤੇ ਗਏ ਖਾਣ ਜਾਂ ਪੀਣ ਵਾਲੇ ਪਦਾਰਥ ਹਨ। ਇਸ ਵਿੱਚ ਸੂਪ, ਸਟਿਊ, ਕਰੀਆਂ, ਸੁਸ਼ੀ, ਤਲੇ ਹੋਏ ਭੋਜਨ, ਸੌਸ, ਸਲਾਦ, ਡੇਲੀ ਭੋਜਨ, ਜਾਂ ਹੋਰ ਪਕਾਏ ਬਿਨਾਂ ਖਾਧੀਆਂ ਜਾਣ ਵਾਲੀਆਂ ਕੱਟੀਆਂ ਹੋਈਆਂ ਸਬਜ਼ੀਆਂ ਸ਼ਾਮਲ ਹੋ ਸਕਦੀਆਂ ਹਨ।

ਕਿਸ ਨੂੰ ਅਤੇ ਕਿਸ ਚੀਜ਼ ਲਈ ਫੋਮ 'ਤੇ ਪਾਬੰਦੀ ਤੋਂ ਛੋਟ ਹੈ?

ਹਸਪਤਾਲ ਅਤੇ ਕਮਿਉਨਿਟੀ ਕੇਅਰ ਅਦਾਰੇ: ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ ਲਈ ਭੋਜਨ ਸੇਵਾ 'ਤੇ ਫੋਮ ਦੀ ਪਾਬੰਦੀ ਲਾਗੂ ਨਹੀਂ ਹੁੰਦੀ। ਫੋਮ 'ਤੇ ਪਾਬੰਦੀ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਖਾਣੇ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦੀ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਣ ਵਜੋਂ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

ਮੀਟ, ਪੋਲਟਰੀ, ਸਮੁੰਦਰੀ ਭੋਜਨ, ਆਂਡਿਆਂ ਜਾਂ ਸਬਜ਼ੀਆਂ ਵਰਗੇ ਨਾ ਪਕਾਏ ਹੋਏ ਭੋਜਨਾਂ, ਜਿਨ੍ਹਾਂ ਨੂੰ ਖਾਣ ਤੋਂ ਪਹਿਲਾਂ ਅਗੇ ਹੋਰ ਤਿਆਰ ਕੀਤੇ ਜਾਣ ਦੀ ਲੋੜ ਹੁੰਦੀਹੈ, ਨੂੰ ਪੈਕ ਕਰਨ ਲਈ ਵਰਤੀਆਂ ਜਾਂਦੀਆਂ ਫੋਮ ਟ੍ਰੇਆਂ ਦੀ ਇਜਾਜ਼ਤ ਹੈ।

ਵੈਨਕੂਵਰ ਦੇ ਬਾਹਰ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਵਿੱਚ ਪੈਕ ਕੀਤੇ ਗਏ ਅਤੇ ਸੀਲ ਕੀਤੇ ਗਏ ਤਿਆਰ ਭੋਜਨ ਪਦਾਰਥਾਂ ਨੂੰ ਵੀ ਇਜਾਜ਼ਤ ਹੈ।

ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਨੂੰ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਕਾਨੂੰਨ ਤੋਂ ਛੋਟ ਕਿਉਂ ਦਿੱਤੀ ਗਈ ਹੈ?

ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਲਈ ਬਾਰੇ ਉਪ-ਕਾਨੂੰਨ ਤੋਂ ਛੋਟ ਸਿਹਤ ਸੰਗਠਨਾਂ ਨੂੰ ਇਨਫੈਕਸ਼ਨ ਕੰਟਰੋਲ, ਕੰਮ ਕਰਨ ਦੀ ਥਾਂ ਦੀ ਸਿਹਤ ਅਤੇ ਸੁਰੱਖਿਆ, ਅਤੇ ਮਰੀਜ਼ਾਂ ਦੀ ਦੇਖਭਾਲ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ 'ਤੇ ਧਿਆਨ ਦੇਣ ਲਈ ਲਚਕਤਾ ਦਿੰਦੀ ਹੈ। ਉਦਾਹਰਣ ਵਜੋਂ, ਲਾਗ ਦੇ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਹਸਪਤਾਲ ਦੇ ਮਰੀਜ਼ਾਂ ਨੂੰ ਤਿਆਰ ਭੋਜਨ ਪਰੋਸਣ ਲਈ ਕੁਝ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜ਼ਰੂਰੀ ਹਨ, ਅਤੇ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਨ ਲਈ ਮਾਨਸਿਕ ਰੋਗਾਂ ਦੀਆਂ ਇਕਾਈਆਂ ਵਿੱਚ ਇੱਕੋ-ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਕਾਂਟੇ-ਛੁਰੀਆਂ ਇੱਕ ਤਰਜੀਹੀ ਵਿਕਲਪ ਹੈ।

ਸਿਟੀ ਨੂੰ ਪਤਾ ਹੈ ਕਿ ਸਿਹਤ ਸੰਸਥਾਵਾਂ ਨਿਰੰਤਰ ਅਧਾਰ 'ਤੇ ਸਿਹਤ ਦੇਖਭਾਲ ਵਿੱਚ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਵੰਡ ਨੂੰ ਘਟਾਉਣ ਦੇ ਮੌਕਿਆਂ ਦੀ ਜਾਂਚ ਕਰ ਰਹੀਆਂ ਹਨ।

ਫੋਮ ਬਾਰੇ ਉਪਨਿਯਮ - 1 ਜਨਵਰੀ 2020
ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

ਮੈਂ ਹਸਪਤਾਲ ਦੇ ਮੈਦਾਨਾਂ ਵਿੱਚ ਕੰਮ ਕਰਨ ਵਾਲਾ ਇੱਕ ਲਾਇਸੰਸਸ਼ੁਦਾ ਭੋਜਨ ਵਿਕ੍ਰੇਤਾ ਹਾਂ। ਕੀ ਫੋਮ 'ਤੇ ਪਾਬੰਦੀ ਮੇਰੇ 'ਤੇ ਲਾਗੂ ਹੁੰਦੀ ਹੈ?

ਸ਼ਾਇਦ। ਜੇ ਤੁਹਾਡੇ ਕਾਰੋਬਾਰ ਨੂੰ ਹਸਪਤਾਲਾਂ ਦੇ ਮਰੀਜ਼ਾਂ ਲਈ ਖਾਣੇ ਦੀ ਸੇਵਾ ਮੁਹੱਈਆ ਕਰਨ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ ਨੂੰ ਭੋਜਨ ਸੇਵਾ ਮੁਹੱਈਆ ਕਰਨ ਲਈ ਠੇਕਾ ਦਿੱਤਾ ਗਿਆ ਹੈ ਤਾਂ ਪਾਬੰਦੀ ਉਹਨਾਂ ਸਥਿਤੀਆਂ 'ਤੇ ਲਾਗੂ ਨਹੀਂ ਹੁੰਦੀ। ਫੋਮ 'ਤੇ ਪਾਬੰਦੀ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਖਾਣੇ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦੀ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਣ ਵਜੋਂ: ਕੈਫੇਟੇਰੀਆ, ਕੈਫੇ) ਜੋ ਗਾਹਕਾਂ ਨੂੰ ਪਕਾਇਆ ਹੋਇਆ ਭੋਜਨ ਦਿੰਦੇ ਹਨ।

ਕੀ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਲਈ ਫੋਮ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ?

ਹਾਂ। ਉਪ-ਕਨੂੰਨ ਚੈਰੀਟੇਬਲ ਭੋਜਨ ਸੇਵਾਵਾਂ ਨੂੰ 1 ਜਨਵਰੀ, 2021 ਤੱਕ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ 'ਤੇ ਪਾਬੰਦੀ ਤੋਂ ਛੋਟ ਦਿੱਤੀ ਹੈ। ਚੈਰੀਟੇਬਲ ਭੋਜਨ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਸਮੇਤ, ਉਹ ਸਾਰੇ ਸੰਗਠਨ ਜਿਨ੍ਹਾਂ ਨੂੰ ਵੈਨਕੂਵਰ ਦੇ ਲਾਇਸੈਂਸ ਉਪਨਿਯਮ ਨੰਬਰ 4450 ਦੇ ਤਹਿਤ ਵਪਾਰਕ ਲਾਇਸੈਂਸ ਰੱਖਣ ਦੀ ਲੋੜ ਹੈ, ਲਈ ਹੁਣ ਫੋਮ ਬਾਰੇ ਉਪਨਿਯਮ ਦੀ ਪਾਲਣਾ ਕਰਨਾ ਲਾਜ਼ਮੀ ਹੈ।

"ਚੈਰੀਟੇਬਲ ਭੋਜਨ ਸੇਵਾਵਾਂ" ਨੂੰ ਕਿਸੇ ਸੰਸਥਾ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਸਥਾ ਵਜੋਂ ਰਜਿਸਟਰਡ ਹੈ।

ਧਿਆਨ ਦਿਓ: ਕੋਵਿਡ-19 ਦੇ ਦੌਰਾਨ, ਚੈਰੀਟੇਬਲ ਭੋਜਨ ਸੇਵਾਵਾਂ ਫੋਮ ਦੇ ਕੱਪ ਅਤੇ ਫੋਮ ਦੇ ਟੇਕ-ਆਉਟ ਕੰਟੇਨਰਾਂ ਸਮੇਤ, ਭੋਜਨ ਪਦਾਰਥਾਂ ਜਾਂ ਭੋਜਨ ਦੇ ਨਾਲ ਸਿੰਗਲ-ਯੂਜ਼ ਚੀਜ਼ਾਂ ਦੀ ਵੰਡ ਕਰਨਾ ਜਾਰੀ ਰੱਖ ਸਕਦੀਆਂ ਹਨ, ਪਰ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਿੰਨੀ ਜਲਦੀ ਸੰਭਵ ਹੋ ਸਕੇ ਉਪਨਿਯਮਾਂ ਦੀ ਪਾਲਣਾ ਕਰਨ ਵੱਲ ਕੰਮ ਕਰਨਾ ਸ਼ੁਰੂ ਕਰਨ।

ਕੀ ਫੂਡ ਡਿਲੀਵਰੀ ਸੇਵਾਵਾਂ ਨੂੰ ਫੋਮ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੈ?

ਜੇ ਕੋਈ ਕਾਰੋਬਾਰ ਸਿਰਫ ਡਿਲੀਵਰੀ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਤਿਆਰ ਭੋਜਨ ਨਹੀਂ ਵੇਚਦਾ, ਤਾਂ ਇਹ ਉਪ-ਨਿਯਮ ਉਹਨਾਂ 'ਤੇ ਸਿੱਧਾ ਲਾਗੂ ਨਹੀਂ ਹੁੰਦਾ ਹੈ। ਪਰ, ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਨੂੰ ਫੋਮ ਬਾਰੇ ਉਪਨਿਯਮ ਦਾ ਲਾਜ਼ਮੀ ਪਾਲਣ ਕਰਨਾ ਚਾਹੀਦਾ ਹੈ, ਜਿਸ ਵਿੱਚ ਭੋਜਨ ਡਿਲੀਵਰੀ ਸੇਵਾਵਾਂ ਦੁਆਰਾ ਵਿਕਰੀ ਵੀ ਸ਼ਾਮਲ ਹੈ।

ਕੀ ਪਾਬੰਦੀ ਸਾਰੇ ਪੋਲੀਸਟੀਰੀਨ ਪਲਾਸਟਿਕ ਉਤਪਾਦਾਂ 'ਤੇ ਲਾਗੂ ਹੁੰਦੀ ਹੈ, ਜਿਨ੍ਹਾਂ ਵਿੱਚ ਬਰਤਨ, ਕੱਪਾਂ ਦੇ ਢੱਕਣ ਅਤੇ ਸਖ਼ਤ ਪੋਲੀਸਟੀਰੀਨ ਪਲਾਸਟਿਕ ਦੇ ਬਣੇ ਕੰਟੇਨਰ, ਜਾਂ ਪੋਲੀਸਟੀਰੀਨ ਫੋਮ ਦੀ ਕੁਸ਼ਨ ਪੈਕਜਿੰਗ ਜਾਂ ਫੋਮ ਫ੍ਰੀਜ਼ਰ ਸ਼ਾਮਲ ਹਨ?

ਨਹੀਂ। ਪਾਬੰਦੀ ਸਿਰਫ ਫੈਲਾਈ ਹੋਈ ਪੋਲੀਸਟੀਰੀਨ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ 'ਤੇ ਲਾਗੂ ਹੁੰਦੀ ਹੈ ਜੋ ਭੋਜਨ ਵਿਕ੍ਰੇਤਾਵਾਂ ਦੁਆਰਾ ਤਿਆਰ ਕੀਤੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਪਰੋਸਣ ਲਈ ਵਰਤੇ ਜਾਂਦੇ ਹਨ।

ਫੋਮ ਬਾਰੇ ਉਪਨਿਯਮ - 1 ਜਨਵਰੀ 2020
ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

ਕੀ ਗੈਰ-ਫੋਮ ਵਿਕਲਪਾਂ ਦੀ ਲਾਗਤ ਜ਼ਿਆਦਾ ਹੈ?

ਲਾਗਤ-ਪ੍ਰਭਾਵੀ ਵਿਕਲਪ ਉਪਲਬਧ ਹਨ। ਸਾਡੀ ਖੋਜ ਵਿੱਚ, ਅਸੀਂ ਸਿੱਖਿਆ ਹੈ ਕਿ ਪੈਕਿੰਗ ਦੀਆਂ ਕੀਮਤਾਂ ਸਮੱਗਰੀ ਦੀ ਕਿਸਮ, ਖਰੀਦੀ ਗਈ ਮਾਤਰਾ ਅਤੇ ਸਪਲਾਇਰ ਦੇ ਅਧਾਰ 'ਤੇ ਵੱਖ-ਵੱਖ ਹੁੰਦੀਆਂ ਹਨ। ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਉਪਲਬਧ ਸਭ ਤੋਂ ਕਿਫ਼ਾਇਤੀ ਅਜਿਹੇ ਵਿਕਲਪ ਪ੍ਰਾਪਤ ਕਰਨ ਲਈ ਆਪਣੇ ਸਪਲਾਇਰ ਨਾਲ ਗੱਲ ਕਰੋ ਜਿਨ੍ਹਾਂ ਨੂੰ ਰੀਸਾਈਕਲ ਬੀ.ਸੀ. ਦੇ ਰਿਹਾਇਸ਼ੀ ਰੀਸਾਈਕਲਿੰਗ ਕਲੈਕਸ਼ਨ ਪ੍ਰੋਗਰਾਮ ਵਿੱਚ ਰੀਸਾਈਕਲ ਕੀਤਾ ਜਾ ਸਕੇ ਜਾਂ ਸਿਟੀ ਦੇ ਗ੍ਰੀਨ ਬਿਨ ਪ੍ਰੋਗਰਾਮ ਵਿੱਚ ਖਾਦ ਵਿੱਚ ਬਦਲਿਆ ਜਾ ਸਕੇ।

ਤੁਹਾਡੇ ਸਮੁੱਚੇ ਖਰਚਿਆਂ ਨੂੰ ਘਟਾਉਣ ਲਈ, ਅਸੀਂ ਤੁਹਾਨੂੰ ਤੁਹਾਡੇ ਕਾਰੋਬਾਰ ਵਰਗੇ ਮਿਲਦੇ-ਜੁਲਦੇ ਕਾਰੋਬਾਰਾਂ ਅਤੇ/ਜਾਂ ਤੁਹਾਡੀ ਸਥਾਨਕ ਬਿਜ਼ਨਸ ਇਮਪਰੂਵਮੈਂਟ ਐਸੋਸਿਏਸ਼ਨ ਜਾਂ ਰੈਸਟੋਰੈਂਟ ਐਸੋਸਿਏਸ਼ਨ ਨਾਲ ਸਮੂਹਿਕ ਤੌਰ 'ਤੇ ਖਰੀਦਣ ਦੀਆਂ ਚੋਣਾਂ ਬਾਰੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਅਸੀਂ ਜੋ ਕੁਝ ਸੁਣਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਸਮੂਹਿਕ ਤੌਰ 'ਤੇ ਖਰੀਦਣ ਨਾਲ ਤੁਹਾਨੂੰ ਅਤੇ ਦੂਜੇ ਕਾਰੋਬਾਰਾਂ ਨੂੰ ਪੈਸੇ ਬਚਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ।

ਖਰਚਿਆਂ ਨੂੰ ਘਟਾਉਣ ਦਾ ਇੱਕ ਹੋਰ ਤਰੀਕਾ ਹੈ ਕਿ ਜਿੰਨਾ ਸੰਭਵ ਹੋ ਸਕੇ ਘੱਟ ਕੰਟੇਨਰਾਂ ਨੂੰ ਵਰਤਣਾ। ਉਦਾਹਰਨ ਲਈ, ਤੁਸੀਂ ਆਪਣੇ ਡਾਈਨ-ਇਨ ਗਾਹਕਾਂ ਨੂੰ ਪੁੱਛ ਸਕਦੇ ਹੋ ਕਿ ਕੀ ਉਹ ਆਪਣੇ ਬਚੇ ਹੋਏ ਭੋਜਨਾਂ ਨੂੰ ਵੱਖ-ਵੱਖ ਪੈਕ ਕਰਨ ਦੀ ਬਜਾਏ ਜਿੰਨਾ ਹੋ ਸਕੇ ਥੋੜ੍ਹੇ ਇੱਕ-ਵਾਰ ਵਰਤੇ ਜਾਣ ਵਾਲੇ ਕੰਨਟੇਨਰਾਂ ਵਿੱਚ ਪੈਕ ਕਰਵਾਉਣਾ ਚਾਹੁਣਗੇ। ਤੁਸੀਂ ਆਪਣੇ ਡਾਈਨ-ਇਨ ਗਾਹਕਾਂ ਨੂੰ ਕੋਈ ਬਚਿਆ ਹੋਇਆ ਭੋਜਨ ਘਰ ਲਿਜਾਉਣ ਲਈ ਆਪਣੇ ਖ਼ੁਦ ਦੇ ਮੁੜ ਵਰਤੋਂ ਯੋਗ ਕੰਟੇਨਰਾਂ ਲਿਆਉਣ ਲਈ ਉਤਸ਼ਾਹਿਤ ਕਰ ਸਕਦੇ ਹੋ।

ਮੈਨੂੰ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਦੇ ਸਵੀਕਾਰਨਯੋਗ ਵਿਕਲਪਾਂ ਬਾਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਸਾਡੀ ਵੈੱਬਸਾਈਟ 'ਤੇ: ਸੁਝਾਏ ਗਏ ਵਿਕਲਪਾਂ ਦੀ ਇੱਕ ਸੂਚੀ vancouver.ca/foam ਅਤੇ ਸਿੰਗਲ-ਯੂਜ਼ ਆਈਟਮ ਉਪਨਿਯਮ ਗਾਈਡ ਉਪਲਬਧ ਹੈ।

ਗਰਮ ਤਰਲ ਪਦਾਰਥਾਂ ਜਾਂ ਸੌਸ ਵਾਲੇ ਪਕਵਾਨਾਂ ਲਈ ਕਿਹੜੇ ਵਿਕਲਪ ਵਰਤੇ ਜਾ ਸਕਦੇ ਹਨ?

ਅਸੀਂ ਤੁਹਾਨੂੰ ਤੁਹਾਡੀਆਂ ਜ਼ਰੂਰਤਾਂ ਦੇ ਅਨੁਕੂਲ ਸਵੀਕਾਰਨ ਯੋਗ ਵਿਕਲਪਾਂ ਬਾਰੇ ਪਤਾ ਕਰਨ ਲਈ ਤੁਹਾਡੇ ਸਪਲਾਇਰ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਕੁਝ ਵਿਕਲਪਾਂ ਵਿੱਚ ਸਖ਼ਤ ਪਲਾਸਟਿਕ ਦੇ ਕੰਟੇਨਰ, ਪੌਲੀਕੋਟ ਪੇਪਰ ਦੇ ਕੰਟੇਨਰ ਅਤੇ ਕਟੋਰੇ ਅਤੇ ਐਲੂਮੀਨੀਅਮ ਦੇ ਡੱਬੇ ਸ਼ਾਮਲ ਹੋ ਸਕਦੇ ਹਨ। ਸੁਝਾਏ ਗਏ ਵਿਕਲਪਾਂ ਦੀ ਸੂਚੀ ਸਾਡੀ ਵੈੱਬਸਾਈਟ vancouver.ca/foam 'ਤੇ ਉਪਲਬਧ ਹੈ

ਹੁਣ ਜਦੋਂ ਇਹ ਪਾਬੰਦੀ ਲਾਗੂ ਹੋ ਗਈ ਹੈ, ਕਾਰੋਬਾਰਾਂ ਨੂੰ ਫੋਮ ਦੇ ਕੱਪਾਂ ਜਾਂ ਫੋਮ ਦੇ ਟੇਕ-ਆਊਟ ਕੰਟੇਨਰਾਂ ਦੇ ਬਚੇ ਸਟਾਕ ਦਾ ਕੀ ਕਰਨਾ ਚਾਹੀਦਾ ਹੈ?

ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਦਾ ਬਚਿਆ ਕੋਈ ਵੀ ਸਟਾਕ, ਚੈਰੀਟੇਬਲ ਫੂਡ ਪ੍ਰਦਾਤਾਵਾਂ ਨੂੰ ਦਾਨ ਕੀਤਾ ਜਾ ਸਕਦਾ ਹੈ ਜੇ ਉਹ COVID-19 ਮਹਾਂਮਾਰੀ ਦੇ ਦੌਰਾਨ ਫੋਮ ਦੇ ਕੱਪਾਂ ਅਤੇ ਫੋਮ ਦੇ ਕੰਟੇਨਰਾਂ ਦਾ ਦਾਨ ਸਵੀਕਾਰ ਕਰ ਰਹੇ ਹਨ।

ਕਿਰਪਾ ਕਰਕੇ ਧਿਆਨ ਰੱਖੋ ਕਿ ਬਹੁਤ ਸਾਰੇ ਚੈਰੀਟੇਬਲ ਭੋਜਨ ਪ੍ਰਦਾਤਾ ਪਹਿਲਾਂ ਹੀ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਨੂੰ ਬਾਹਰ ਕਰ ਚੁੱਕੇ ਹਨ ਅਤੇ ਦੁਬਾਰਾ ਵਰਤੋਂ ਯੋਗ ਜਾਂ ਰੀਸਾਈਕਲ ਕਰਨ ਯੋਗ ਬਦਲਵੀਆਂ ਚੀਜ਼ਾਂ ਦੀ ਵਰਤੋਂ ਕਰ ਰਹੇ ਹਨ। ਕਿਰਪਾ ਕਰਕੇ ਸੰਗਠਨ ਨਾਲ ਪਹਿਲਾਂ ਪ੍ਰਬੰਧ ਕੀਤੇ ਬਿਨਾਂ ਫੋਮ ਦੇ ਕੱਪਾਂ ਅਤੇ ਫੋਮ ਦੇ ਟੇਕ-ਆਊਟ ਕੰਟੇਨਰਾਂ ਦਾ ਦਾਨ ਨਾ ਛੱਡੋ, ਅਤੇ ਨਾ ਹੀ ਕੰਟੇਨਰਾਂ ਨੂੰ ਉਹਨਾਂ ਦੇ ਦਰਵਾਜ਼ਿਆਂ ਦੇ ਬਾਹਰ ਛੱਡ ਕੇ ਆਓ।

ਸਿਟੀ ਫੋਮ ਬਾਰੇ ਉਪਨਿਯਮ ਨੂੰ ਕਿਵੇਂ ਲਾਗੂ ਕਰੇਗੀ?

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕਾਰੋਬਾਰਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ।

ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, **vancouver.ca/reduce-single-use** 'ਤੇ ਜਾਓ